ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਕੇ ਤਰੱਕੀ ਦੇ ਰਾਹ 'ਤੇ ਤੋਰੇਗੀ ਭਾਜਪਾ : ਨਾਇਬ ਸੈਣੀ

ਲੁਧਿਆਣਾ, 27 ਸਤੰਬਰ (ਗੁਪਤਾ)–ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ 'ਚ ਵਿਗੜਦੀ ਕਾਨੂੰਨ–ਵਿਵਸਥਾ ਦੀ ਸਥਿਤੀ ਅਤੇ ਨਸ਼ੇ ਨਾਲ ਹੋ ਰਹੀਆਂ ਮੌਤਾਂ ਡੂੰਘੀ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ ਪਰ ਪੰਜਾਬ ਨੂੰ ਇਸ ਭਿਆਨਕ ਸਥਿਤੀ 'ਚੋਂ ਬਾਹਰ ਕੱਢਣ ਦੀ ਥਾਂ ਪੰਜਾਬ ਸਰਕਾਰ ਸਿਰਫ ਸਿਆਸਤ ਕਰਨ 'ਚ ਲੱਗੀ ਹੋਈ ਹੈ।

ਸੈਣੀ ਅੱਜ ਪੀ.ਏ.ਯੂ. 'ਚ ਹੈਲੀਪੈਡ 'ਤੇ 'ਪੰਜਾਬ ਕੇਸਰੀ' ਨਾਲ ਗੱਲਬਾਤ ਕਰ ਰਹੇ ਸਨ। ਸੈਣੀ ਨੇ ਕਿਹਾ ਕਿ ਪੰਜਾਬ 'ਚ ਭਾਜਪਾ ਦੀ ਨਸ਼ਾ-ਮੁਕਤ ਪੰਜਾਬ ਯਾਤਰਾ ਨੂੰ ਮਿਲ ਰਹੇ ਜਨ-ਸਮਰਥਨ ਤੋਂ ਇਹ ਗੱਲ ਸਿੱਧ ਹੋ ਗਈ ਹੈ ਕਿ ਪੰਜਾਬ ਦੀ ਜਨਤਾ ਇਹ ਭਲੀਭਾਂਤ ਸਮਝ ਗਈ ਹੈ ਕਿ ਨਸ਼ੇ ਨੂੰ ਸਿਰਫ ਭਾਜਪਾ ਹੀ ਖ਼ਤਮ ਕਰ ਸਕਦੀ ਹੈ।

ਸੈਣੀ ਨੇ ਦਾਅਵਾ ਕੀਤਾ ਕਿ ਪੰਜਾਬ 'ਚ ਭਾਜਪਾ ਦੀ ਸਰਕਾਰ ਬਣਦੇ ਸਾਰ ਹੀ ਨਸ਼ੇ ਨੂੰ ਜੜ੍ਹੋਂ ਉਖਾੜ ਦਿੱਤਾ ਜਾਵੇਗਾ ਅਤੇ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਕਾਰਜ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਦੇਸ਼ 'ਚੋਂ ਨਕਸਲਵਾਦ ਅਤੇ ਅੱਤਵਾਦ ਨੂੰ ਖ਼ਤਮ ਕਰ ਸਕਦੀ ਹੈ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਕਲਪ ਅਨੁਸਾਰ 2029 ਤੱਕ ਸੰਪੂਰਨ ਦੇਸ਼ 'ਚੋਂ ਨਸ਼ੇ ਦੀ ਬਿਮਾਰੀ ਨੂੰ ਵੀ ਖ਼ਤਮ ਕਰ ਦੇਵੇਗੀ। ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਕੇ ਤਰੱਕੀ ਦੇ ਰਾਹ 'ਤੇ ਤੋਰਿਆ ਜਾਵੇਗਾ। ਇਸ ਮੌਕੇ ਪੰਜਾਬ ਭਾਜਪਾ ਕੋਰ ਕਮੇਟੀ ਦੇ ਮੈਂਬਰ ਜੀਵਨ ਗੁਪਤਾ, ਲੁਧਿਆਣਾ ਭਾਜਪਾ ਦੇ ਪ੍ਰਧਾਨ ਸੁਨੀਲ ਮੌਦਗਿਲ, ਜਨਰਲ ਸਕੱਤਰ ਕੈਲਾਸ਼ ਚੌਧਰੀ ਵੀ ਹਾਜ਼ਰ ਸਨ।

ਪੀ. ਏ. ਯੂ. 'ਚ ਹੈਲੀਪੈਡ 'ਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਸਵਾਗਤ ਕਰਦੇ ਲੁਧਿਆਣਾ ਭਾਜਪਾ ਦੇ ਜਨਰਲ ਸਕੱਤਰ ਕੈਲਾਸ਼ ਚੌਧਰੀ।

ਚੋਣ ਕਮਿਸ਼ਨ ਦੇ ਸਾਂਝੇ ਬਿਆਨ ਨੇ ਭੰਨਿਆ ਕਾਂਗਰਸ ਤੇ 'ਆਪ' ਦੇ ਝੂਠ ਦਾ ਭਾਂਡਾ : ਢਿੱਲੋਂ

ਚੰਡੀਗੜ੍ਹ, 27 ਸਤੰਬਰ (ਅੰਕੁਰ)–ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਜਦੋਂ-ਜਦੋਂ ਵੀ ਕਾਂਗਰਸ ਤੇ ਵਿਰੋਧੀ ਧਿਰਾਂ ਲੋਕਾਂ ਦੀ ਕਚਹਿਰੀ 'ਚ ਹਾਰਦੀਆਂ ਹਨ ਤਾਂ ਆਪਣੀ ਖਿੱਝ ਕੱਢਣ ਲਈ ਕਦੇ ਵੋਟਿੰਗ ਮਸ਼ੀਨਾਂ ਉੱਤੇ 'ਤੇ ਕਦੇ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ 'ਤੇ ਗੁੱਸਾ ਕੱਢਦੀਆਂ ਹਨ। ਉਨ੍ਹਾਂ ਕੇਂਦਰੀ ਚੋਣ ਕਮਿਸ਼ਨ ਬਾਰੇ ਚੱਲ ਰਹੇ ਕਥਿਤ ਤਾਜ਼ਾ ਵਿਵਾਦ ਨੂੰ ਵੀ ਵਿਰੋਧੀ ਧਿਰਾਂ ਦੀ ਇਸੇ ਲਾਚਾਰੀ ਦਾ ਹਿੱਸਾ ਦੱਸਦਿਆਂ ਕਿਹਾ ਕਿ ਹੁਣ ਇਨ੍ਹਾਂ ਦਾ ਭਾਂਡਾ ਭੱਜ ਗਿਆ ਹੈ ਅਤੇ ਇਨ੍ਹਾਂ ਨੂੰ ਮੂੰਹ ਛੁਪਾਉਣ ਨੂੰ ਥਾਂ ਨਹੀਂ ਲੱਭ ਰਹੀ।

ਉਨ੍ਹਾਂ ਕਿਹਾ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਅਤੇ ਦੋਵੇਂ ਚੋਣ ਕਮਿਸ਼ਨਰਾਂ ਡਾ. ਐੱਸ. ਐੱਸ. ਸੰਧੂ ਅਤੇ ਡਾ. ਵਿਵੇਕ ਜੋਸ਼ੀ ਦੀ 26 ਸਤੰਬਰ ਨੂੰ ਹੋਈ ਮੀਟਿੰਗ ਤੋਂ ਬਾਅਦ ਜਾਰੀ ਸਾਂਝੇ ਬਿਆਨ 'ਚ ਸਪੱਸ਼ਟ ਕੀਤਾ ਗਿਆ ਹੈ ਕਿ ਦੇਸ਼ ਭਰ 'ਚ ਚੱਲ ਰਹੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ. ਆਈ. ਆਰ.) ਸਮੇਤ ਸਾਰੇ ਮੁੱਖ ਫ਼ੈਸਲੇ ਸਰਬਸੰਮਤੀ ਨਾਲ ਲਏ ਗਏ ਹਨ।

ਉਨ੍ਹਾਂ ਨੇ ਚੋਣ ਕਮਿਸ਼ਨ ਖ਼ਿਲਾਫ਼ ਮੁਜ਼ਾਹਰੇ ਅਤੇ ਪ੍ਰੈੱਸ ਕਾਨਫਰੰਸਾਂ ਕਰਨ ਵਾਲੀਆਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਸਵਾਲ ਕੀਤਾ ਕਿ ਚੋਣ ਕਮਿਸ਼ਨ ਦੀ ਸ਼ਨੀਵਾਰ ਦੀ ਮੀਟਿੰਗ ਅਤੇ ਉਸ ਤੋਂ ਬਾਅਦ ਜਾਰੀ ਸਾਂਝੇ ਪ੍ਰੈੱਸ ਬਿਆਨ ਤੋਂ ਬਾਅਦ ਕੀ ਉਹ ਹੁਣ ਆਪਣਾ ਸਟੈਂਡ ਸਪੱਸ਼ਟ ਕਰਨਗੇ?

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਤੇ ਵਿਨੀਤ ਜੋਸ਼ੀ।

ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੀ ਬੈਠਕ ਅਤੇ ਸਾਰੇ ਫ਼ੈਸਲੇ ਸਰਬਸੰਮਤੀ ਨਾਲ ਜਾਰੀ ਹੋਣ ਵਾਲੇ ਪ੍ਰੈੱਸ ਬਿਆਨ ਨੇ ਵਿਰੋਧੀ 'ਇੰਡੀਆ' ਗੱਠਜੋੜ ਵੱਲੋਂ ਫੈਲਾਏ ਜਾ ਰਹੇ ਭਰਮ, ਝੂਠ ਅਤੇ ਮਨਘੜਤ ਕਹਾਣੀਆਂ ਦੀ ਪੂਰੀ ਤਰ੍ਹਾਂ ਪੋਲ ਖੋਲ੍ਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਵੱਲੋਂ ਚੋਣ ਕਮਿਸ਼ਨ ਦੀ ਨਿਰਪੱਖਤਾ 'ਤੇ ਸਵਾਲ ਚੁੱਕਣਾ ਉਸ ਦੀ ਹਤਾਸ਼ਾ ਦਾ ਪ੍ਰਤੀਕ ਹੈ।

ਉਨ੍ਹਾਂ ਕਿਹਾ ਕਿ ਕੈਬਨਿਟ ਸਕੱਤਰ ਨੂੰ ਭੇਜੇ ਗਏ ਪੱਤਰ ਨੂੰ ਲੈ ਕੇ ਵੀ ਵਿਰੋਧੀ ਧਿਰ ਵੱਲੋਂ ਭਰਮ ਪੈਦਾ ਕੀਤਾ ਗਿਆ ਜਦਕਿ ਚੋਣ ਕਮਿਸ਼ਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਪੱਤਰ ਕਿਸੇ ਨੀਤੀਗਤ ਮਾਮਲੇ ਜਾਂ ਐੱਸ. ਆਈ. ਆਰ. ਨਾਲ ਸਬੰਧਤ ਨਹੀਂ ਸੀ, ਸਗੋਂ ਡੈਪੂਟੇਸ਼ਨ 'ਤੇ ਆਏ ਇਕ ਅਧਿਕਾਰੀ ਦੀ ਪ੍ਰਬੰਧਕ ਕਾਰਜਸ਼ੈਲੀ ਨਾਲ ਜੁੜਿਆ ਅੰਦਰੂਨੀ ਮਾਮਲਾ ਸੀ। ਇਸ ਲਈ ਇਸ ਨੂੰ ਐੱਸ. ਆਈ. ਆਰ. ਜਾਂ ਕਮਿਸ਼ਨ ਦੀ ਨੀਤੀ ਨਾਲ ਜੋੜਨਾ ਤੱਥਾਂ ਤੋਂ ਪਰ੍ਹੇ ਹੈ।

ਤਿੰਨ ਮਹੀਨੇ ਲਈ ਵਧਿਆ ਬੀ. ਬੀ. ਐੱਮ. ਬੀ. ਦੇ ਚੇਅਰਮੈਨ ਦਾ ਕਾਰਜਕਾਲ

ਚੰਡੀਗੜ੍ਹ, 27 ਸਤੰਬਰ (ਅੰਕੁਰ)–ਕੇਂਦਰੀ ਬਿਜਲੀ ਮੰਤਰਾਲੇ ਨੇ ਭਾਖੜਾ-ਬਿਆਸ ਮੈਨੇਜਮੈਂਟ ਬੋਰਡ (ਬੀ. ਬੀ. ਐੱਮ. ਬੀ.) ਦੇ ਚੇਅਰਮੈਨ ਮਨੋਜ ਤ੍ਰਿਪਾਠੀ ਦਾ ਕਾਰਜਕਾਲ ਤਿੰਨ ਮਹੀਨਿਆਂ ਲਈ ਵਧਾ ਦਿੱਤਾ ਹੈ। ਕਾਰਜਕਾਲ 'ਚ ਇਹ ਵਾਧਾ ਅਜਿਹੇ ਸਮੇਂ ਕੀਤਾ ਗਿਆ ਹੈ ਜਦੋਂ ਸੰਸਥਾ ਦੇ ਦੋ ਅਹਿਮ ਪੱਧਰ ਅਹੁਦੇ ਮੈਂਬਰ (ਸਿੰਚਾਈ) ਅਤੇ ਮੈਂਬਰ (ਬਿਜਲੀ) ਪਿਛਲੇ ਕਈ ਸਾਲਾਂ ਤੋਂ ਖ਼ਾਲੀ ਪਏ ਹਨ। ਬਿਜਲੀ ਮੰਤਰਾਲੇ ਵੱਲੋਂ ਜਾਰੀ ਹੁਕਮਾਂ ਮੁਤਾਬਕ ਤ੍ਰਿਪਾਠੀ ਦਾ ਕਾਰਜਕਾਲ 27 ਸਤੰਬਰ ਨੂੰ ਖ਼ਤਮ ਹੋਣਾ ਸੀ, ਜਿਸ ਨੂੰ ਹੁਣ 27 ਦਸੰਬਰ ਤੱਕ ਜਾਂ ਕੋਈ ਪੱਕੀ ਨਿਯੁਕਤੀ ਹੋਣ ਤੱਕ ਜਾਂ ਅਗਲੇ ਹੁਕਮਾਂ ਤੱਕ (ਜੋ ਵੀ ਪਹਿਲਾਂ ਹੋਵੇ) ਵਧਾ ਦਿੱਤਾ ਗਿਆ ਹੈ। ਉੱਥੇ ਹੀ ਮੈਂਬਰ (ਸਿੰਚਾਈ) ਅਤੇ ਮੈਂਬਰ (ਬਿਜਲੀ) ਦੇ ਅਹੁਦੇ ਹੁਣ ਲਗਭਗ ਚਾਰ ਸਾਲਾਂ ਤੋਂ ਖ਼ਾਲੀ ਪਏ ਹਨ। ਮੈਂਬਰ (ਸਿੰਚਾਈ) ਦਾ ਅਹੁਦਾ 9 ਸਤੰਬਰ, 2020 ਤੋਂ ਖ਼ਾਲੀ ਹੈ।

ਮਾਣਯੋਗ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ, ਚੰਡੀਗੜ੍ਹ ਬੈਂਚ (ਕੋਰਟ I) ਦੇ ਸਨਮੁੱਖ
ਕੰਪਨੀ ਪਟੀਸ਼ਨ ਨੰਬਰ: ਸੀ.ਪੀ. (ਸੀ.ਏ.ਏ.) ਨੰ. 27/ਸੀ.ਐੱਚ.ਡੀ./ਪੀ.ਬੀ./2026
ਸੀ.ਏ. (ਸੀ.ਏ.ਏ.) ਨੰ. 14/ਸੀ.ਐੱਚ.ਡੀ./ਪੀ.ਬੀ./2026 ਨਾਲ ਜੁੜੀ
ਹੇਠ ਲਿਖਿਆਂ ਵਿਚਕਾਰ ਸਮਝੌਤੇ ਦੇ ਪ੍ਰਬੰਧ ਦੇ ਮਾਮਲੇ ਵਿਚ:

ਸਿਲਵਰ ਟਾਵਰਜ਼ ਪ੍ਰਾਈਵੇਟ ਲਿਮਟਿਡ
ਰਜਿਸਟਰਡ ਦਫ਼ਤਰ: ਪਹਿਲੀ ਮੰਜ਼ਿਲ ਜੇ-7/6, ਸਟੇਟਸਮੈਨ ਬਿਲਡਿੰਗ, ਗੋਬਿੰਦ ਕਾਲੋਨੀ,
ਰਾਜਪੁਰਾ, ਪੰਜਾਬ, ਭਾਰਤ, 140401
CIN: U70109PB1996PTC065640
PAN: AAGCS8448H ...ਪਟੀਸ਼ਨਰ ਨੰ. 1/ਰਲੇਵੇਂ ਵਾਲੀ ਕੰਪਨੀ ਨੰ. 1
ਅਤੇ
ਬੀਨਾਪਾਣੀ ਟਾਈਅੱਪ ਪ੍ਰਾਈਵੇਟ ਲਿਮਟਿਡ
ਰਜਿਸਟਰਡ ਦਫ਼ਤਰ: ਪਹਿਲੀ ਮੰਜ਼ਿਲ ਜੇ-7/6, ਸਟੇਟਸਮੈਨ ਬਿਲਡਿੰਗ, ਗੋਬਿੰਦ ਕਾਲੋਨੀ,
ਰਾਜਪੁਰਾ, ਪੰਜਾਬ, ਭਾਰਤ, 140401
CIN:U51909PB2010PTC065730
PAN: AADCB9892Q ...ਪਟੀਸ਼ਨਰ ਨੰ. 2/ਰਲੇਵੇਂ ਵਾਲੀ ਕੰਪਨੀ ਨੰ. 2
ਅਤੇ
ਟੈਂਜਰੀਨ ਡਿਜ਼ਾਈਨ ਪ੍ਰਾਈਵੇਟ ਲਿਮਟਿਡ
ਰਜਿਸਟਰਡ ਦਫ਼ਤਰ: ਪਹਿਲੀ ਮੰਜ਼ਿਲ ਜੇ-7/6, ਸਟੇਟਸਮੈਨ ਬਿਲਡਿੰਗ, ਗੋਬਿੰਦ ਕਾਲੋਨੀ,
ਰਾਜਪੁਰਾ, ਪੰਜਾਬ, ਭਾਰਤ, 140401
CIN:U74900PB2013PTC066277
PAN: AAECT6475H ...ਪਟੀਸ਼ਨਰ ਨੰ. 3/ਰਲੇਵੇਂ ਵਾਲੀ ਕੰਪਨੀ ਨੰ. 3
ਅਤੇ
ਬਾਸਕੋ ਟ੍ਰੇਡਿੰਗ ਪ੍ਰਾਈਵੇਟ ਲਿਮਟਿਡ
ਰਜਿਸਟਰਡ ਦਫ਼ਤਰ: ਪਹਿਲੀ ਮੰਜ਼ਿਲ ਜੇ-7/6, ਸਟੇਟਸਮੈਨ ਬਿਲਡਿੰਗ, ਗੋਬਿੰਦ ਕਾਲੋਨੀ,
ਰਾਜਪੁਰਾ, ਪੰਜਾਬ, ਭਾਰਤ, 140401
CIN: U18100PB1991PTC065731
PAN: AAACB3972F ...ਪਟੀਸ਼ਨਰ ਨੰ. 4/ਰਲੇਵੇਂ ਵਾਲੀ ਕੰਪਨੀ ਨੰ. 4/ ਰਲੇਵੇਂ ਵਾਲੀ ਕੰਪਨੀ ਨੰ. 1
ਅਤੇ
ਮੈਟ੍ਰਿਕਸ ਕਲੋਥਿੰਗ ਪ੍ਰਾਈਵੇਟ ਲਿਮਟਿਡ
ਰਜਿਸਟਰਡ ਦਫ਼ਤਰ: ਪਹਿਲੀ ਮੰਜ਼ਿਲ ਜੇ-7/6, ਸਟੇਟਸਮੈਨ ਬਿਲਡਿੰਗ, ਗੋਬਿੰਦ ਕਾਲੋਨੀ,
ਰਾਜਪੁਰਾ, ਪੰਜਾਬ, ਭਾਰਤ, 140401
CIN: U74899PB1977PTC065729
PAN: AABCM8475B ...ਪਟੀਸ਼ਨਰ ਨੰ. 5/ਰਲੇਵੇਂ ਵਾਲੀ ਕੰਪਨੀ ਨੰ. 5/ ਰਲੇਵੇਂ ਜਾਣ ਵਾਲੀ ਕੰਪਨੀ ਨੰ. 2
ਅਤੇ
ਸਾਈਨਵੇਂਥ ਕਮਰਸ਼ੀਅਲ ਪ੍ਰਾਈਵੇਟ ਲਿਮਟਿਡ
ਰਜਿਸਟਰਡ ਦਫ਼ਤਰ: ਪਹਿਲੀ ਮੰਜ਼ਿਲ ਜੇ-7/6, ਸਟੇਟਸਮੈਨ ਬਿਲਡਿੰਗ, ਗੋਬਿੰਦ ਕਾਲੋਨੀ,
ਰਾਜਪੁਰਾ, ਪੰਜਾਬ, ਭਾਰਤ, 140401
CIN:U74999PB2012PTC066009
PAN: AAECC7918G ...ਪਟੀਸ਼ਨਰ ਨੰ. 6/ਰਲੇਵੇਂ ਵਾਲੀ ਕੰਪਨੀ ਨੰ. 3

ਪਟੀਸ਼ਨ ਦਾ ਨੋਟਿਸ

ਕੰਪਨੀ ਐਕਟ, 2013 ਦੀ ਧਾਰਾ 66 ਨਾਲ ਪੜ੍ਹੀਆਂ ਜਾਣ ਵਾਲੀਆਂ ਧਾਰਾਵਾਂ 230-232 ਤਹਿਤ ਸਿਲਵਰ ਟਾਵਰਜ਼ ਪ੍ਰਾਈਵੇਟ ਲਿਮਟਿਡ (ਪਟੀਸ਼ਨਰ ਕੰਪਨੀ 1/ਰਲੇਵੇਂ ਵਾਲੀ ਕੰਪਨੀ ਨੰ. 1), ਬੀਨਾਪਾਣੀ ਟਾਈਅੱਪ ਪ੍ਰਾਈਵੇਟ ਲਿਮਟਿਡ (ਪਟੀਸ਼ਨਰ ਕੰਪਨੀ 2/ ਰਲੇਵੇਂ ਵਾਲੀ ਕੰਪਨੀ ਨੰ. 2), ਟੈਂਜਰੀਨ ਡਿਜ਼ਾਈਨ ਪ੍ਰਾਈਵੇਟ ਲਿਮਟਿਡ (ਪਟੀਸ਼ਨਰ ਕੰਪਨੀ 3/ ਰਲੇਵੇਂ ਵਾਲੀ ਕੰਪਨੀ ਨੰ. 3) ਅਤੇ ਬਾਸਕੋ ਟ੍ਰੇਡਿੰਗ ਪ੍ਰਾਈਵੇਟ ਲਿਮਟਿਡ (ਪਟੀਸ਼ਨਰ ਕੰਪਨੀ 4/ ਰਲੇਵੇਂ ਵਾਲੀ ਕੰਪਨੀ ਨੰ. 4/ ਰਲੇਵੇਂ ਵਾਲੀ ਕੰਪਨੀ ਨੰ. 1) ਅਤੇ ਮੈਟ੍ਰਿਕਸ ਕਲੋਥਿੰਗ ਪ੍ਰਾਈਵੇਟ ਲਿਮਟਿਡ (ਪਟੀਸ਼ਨਰ ਕੰਪਨੀ 5/ ਰਲੇਵੇਂ ਵਾਲੀ ਕੰਪਨੀ ਨੰ. 5/ ਰਲੇਵੇਂ ਵਾਲੀ ਕੰਪਨੀ ਨੰ. 2) ਅਤੇ ਸਾਈਨਵੇਂਥ ਕਮਰਸ਼ੀਅਲ ਪ੍ਰਾਈਵੇਟ ਲਿਮਟਿਡ (ਪਟੀਸ਼ਨਰ ਕੰਪਨੀ 6/ ਰਲੇਵੇਂ ਵਾਲੀ ਕੰਪਨੀ ਨੰ. 3) (ਪਟੀਸ਼ਨਰ ਕੰਪਨੀ 1, ਪਟੀਸ਼ਨਰ ਕੰਪਨੀ 2, ਪਟੀਸ਼ਨਰ ਕੰਪਨੀ 3, ਪਟੀਸ਼ਨਰ ਕੰਪਨੀ 4, ਪਟੀਸ਼ਨਰ ਕੰਪਨੀ 5, ਪਟੀਸ਼ਨਰ ਕੰਪਨੀ 6 ਨੂੰ ਸਾਂਝੇ ਤੌਰ 'ਤੇ 'ਪਟੀਸ਼ਨਰ ਕੰਪਨੀਆਂ' ਕਿਹਾ ਗਿਆ ਹੈ) ਅਤੇ ਉਨ੍ਹਾਂ ਦੇ ਸਬੰਧਤ ਸ਼ੇਅਰਧਾਰਕਾਂ ਅਤੇ ਕਰਜ਼ਦਾਤਿਆਂ ਵਿਚਕਾਰ ਪ੍ਰਸਤਾਵਿਤ 'ਸਕੀਮ ਆਫ਼ ਅਰੇਂਜਮੈਂਟ' ਦੀ ਮਨਜ਼ੂਰੀ ਦੀ ਮੰਗ ਕਰਨ ਵਾਲੀ ਇਕ ਪਟੀਸ਼ਨ ਮਾਣਯੋਗ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ (ਟ੍ਰਿਬਿਊਨਲ/ ਐੱਨ.ਸੀ.ਐੱਲ.ਟੀ.) ਦੇ ਚੰਡੀਗੜ੍ਹ ਬੈਂਚ-1 ਦੇ ਸਾਹਮਣੇ ਪੇਸ਼ ਕੀਤੀ ਗਈ ਸੀ, ਜਿਸ ਨੂੰ ਮਾਣਯੋਗ ਐੱਨ.ਸੀ.ਐੱਲ.ਟੀ. ਦੁਆਰਾ ਪ੍ਰਵਾਨ ਕਰ ਲਿਆ ਗਿਆ ਹੈ। ਹੁਣ, ਮਾਣਯੋਗ ਐੱਨ.ਸੀ.ਐੱਲ.ਟੀ. ਦੇ ਮਿਤੀ 03 ਸਤੰਬਰ, 2026 ਦੇ ਹੁਕਮ ਰਾਹੀਂ, ਉਕਤ ਪਟੀਸ਼ਨ ਦੀ ਸੁਣਵਾਈ ਮਾਣਯੋਗ ਐੱਨ.ਸੀ.ਐੱਲ.ਟੀ. ਦੇ ਸਾਹਮਣੇ 29 ਅਕਤੂਬਰ, 2026 ਨੂੰ ਨਿਸ਼ਚਿਤ ਕੀਤੀ ਗਈ ਹੈ।

ਜੇਕਰ ਕੋਈ ਚਾਹਵਾਨ ਵਿਅਕਤੀ ਉਕਤ ਪਟੀਸ਼ਨ ਦਾ ਸਮਰਥਨ ਜਾਂ ਵਿਰੋਧ ਕਰਨਾ ਚਾਹੁੰਦਾ ਹੈ, ਤਾਂ ਉਸ ਨੂੰ ਆਪਣੇ ਜਾਂ ਆਪਣੇ ਵਕੀਲ ਦੁਆਰਾ ਦਸਤਖ਼ਤ ਕੀਤਾ ਗਿਆ, ਆਪਣੇ ਨਾਮ ਅਤੇ ਪਤੇ ਸਮੇਤ, ਆਪਣੀ ਮਨਸ਼ਾ ਦਾ ਨੋਟਿਸ ਪਟੀਸ਼ਨਰ ਕੰਪਨੀਆਂ ਨੂੰ ਉੱਪਰ ਦੱਸੇ ਪਤੇ 'ਤੇ ਅਤੇ ਈਮੇਲ mcoffice@matrixclothing.in 'ਤੇ ਅਤੇ ਮਾਣਯੋਗ ਐੱਨ.ਸੀ.ਐੱਲ.ਟੀ. ਨੂੰ ਗਰਾਊਂਡ ਫਲੋਰ, ਕਾਰਪੋਰੇਟ ਭਵਨ, ਸੈਕਟਰ 27-ਬੀ, ਮੱਧ ਮਾਰਗ, ਚੰਡੀਗੜ੍ਹ -160 019 'ਤੇ, ਪਟੀਸ਼ਨ ਦੀ ਸੁਣਵਾਈ ਲਈ ਨਿਸ਼ਚਿਤ ਮਿਤੀ ਭਾਵ 29 ਅਕਤੂਬਰ, 2026 ਤੋਂ ਘੱਟੋ-ਘੱਟ 10 (ਦਸ) ਦਿਨ ਪਹਿਲਾਂ ਭੇਜੇ। ਜੇਕਰ ਕੋਈ ਵਿਅਕਤੀ ਪਟੀਸ਼ਨ ਦਾ ਵਿਰੋਧ ਕਰਨਾ ਚਾਹੁੰਦਾ ਹੈ, ਤਾਂ ਵਿਰੋਧ ਦੇ ਆਧਾਰ ਜਾਂ ਉਸ ਦੇ ਅਫ਼ੀਡੇਵਿਟ ਦੀ ਕਾਪੀ ਅਜਿਹੇ ਨੋਟਿਸ ਦੇ ਨਾਲ ਮੁਹੱਈਆ ਕਰਵਾਈ ਜਾਵੇਗੀ। ਪਟੀਸ਼ਨ ਦੀ ਇਕ ਕਾਪੀ ਪਟੀਸ਼ਨਰ ਕੰਪਨੀਆਂ ਦੁਆਰਾ ਲੋੜਵੰਦ ਵਿਅਕਤੀ ਨੂੰ ਇਸ ਦੇ ਤੈਅਸ਼ੁਦਾ ਚਾਰਜਾਂ ਦਾ ਭੁਗਤਾਨ ਕਰਨ 'ਤੇ ਮੁਹੱਈਆ ਕਰਵਾਈ ਜਾਵੇਗੀ।

ਸਿਲਵਰ ਟਾਵਰਜ਼ ਪ੍ਰਾਈਵੇਟ ਲਿਮਟਿਡ ਲਈ ਸਹੀ/- ਅੰਗਦ ਧਵਨ ਅਧਿਕਾਰਤ ਦਸਤਖ਼ਤਕਰਤਾ	ਬੀਨਾਪਾਣੀ ਟਾਈਅੱਪ ਪ੍ਰਾਈਵੇਟ ਲਿਮਟਿਡ ਲਈ ਸਹੀ/- ਰਾਜੀਵ ਧਵਨ ਅਧਿਕਾਰਤ ਦਸਤਖ਼ਤਕਰਤਾ
ਟੈਂਜਰੀਨ ਡਿਜ਼ਾਈਨ ਪ੍ਰਾਈਵੇਟ ਲਿਮਟਿਡ ਲਈ ਸਹੀ/- ਅੰਗਦ ਧਵਨ ਅਧਿਕਾਰਤ ਦਸਤਖ਼ਤਕਰਤਾ	ਬਾਸਕੋ ਟ੍ਰੇਡਿੰਗ ਪ੍ਰਾਈਵੇਟ ਲਿਮਟਿਡ ਲਈ ਸਹੀ/- ਰਾਜੀਵ ਧਵਨ ਅਧਿਕਾਰਤ ਦਸਤਖ਼ਤਕਰਤਾ
ਮੈਟ੍ਰਿਕਸ ਕਲੋਥਿੰਗ ਪ੍ਰਾਈਵੇਟ ਲਿਮਟਿਡ ਲਈ ਸਹੀ/- ਰਾਜੀਵ ਧਵਨ ਅਧਿਕਾਰਤ ਦਸਤਖ਼ਤਕਰਤਾ	ਸਾਈਨਵੇਂਥ ਕਮਰਸ਼ੀਅਲ ਪ੍ਰਾਈਵੇਟ ਲਿਮਟਿਡ ਲਈ ਸਹੀ/- ਰਾਜੀਵ ਧਵਨ ਅਧਿਕਾਰਤ ਦਸਤਖ਼ਤਕਰਤਾ

ਭਾਜਪਾ ਦੀ ਸਰਕਾਰ ਬਣਨ 'ਤੇ ਨਸ਼ੇ ਖਤਮ ਕਰਕੇ ਸੂਬੇ ਨੂੰ ਮੁੜ 'ਰੰਗਲਾ ਪੰਜਾਬ' ਬਣਾਵਾਂਗੇ : ਅਜੈ ਟਾਮਟਾ

ਜਗਰਾਓਂ, 27 ਸਤੰਬਰ (ਸ. ਹ., ਮਾਲਵਾ)–ਪੰਜਾਬ 'ਚ ਭਾਜਪਾ ਦੀ 'ਨਸ਼ਾ ਮੁਕਤ ਪੰਜਾਬ ਯਾਤਰਾ' ਦੌਰਾਨ ਜਗਰਾਓਂ ਤਹਿਸੀਲ ਦੇ ਪਿੰਡ ਕਾਉਂਕੇ ਕਲਾ 'ਚ ਰੈਲੀ ਨੂੰ ਸੰਬੋਧਨ ਕਰਦੇ ਹੋਏ ਕੇਂਦਰੀ ਰਾਜ ਮੰਤਰੀ ਅਜੈ ਟਾਮਟਾ ਨੇ ਕਿਹਾ 'ਆਪ' ਨੇ ਪੰਜਾਬ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ। ਪੰਜਾਬ 'ਚ ਨਸ਼ਿਆ ਦੀ ਗੱਲ ਕਰਦੇ ਹੋਏ ਉਨ੍ਹਾਂ ਕਿਹਾ ਕਿ ਸਰਕਾਰ ਨਸ਼ਾ ਸਮੱਗਲਰਾਂ ਨੂੰ ਨੱਥ ਪਾਉਣ 'ਚ ਬੁਰੀ ਤਰ੍ਹਾਂ ਨਾਕਾਮਯਾਬ ਰਹੀ ਹੈ। ਹਰ ਪਿੰਡ ਅਤੇ ਗਲੀ-ਮੁਹੱਲੇ 'ਚ ਨਸ਼ਾ ਆਸਾਨੀ ਨਾਲ ਮਿਲ ਰਿਹਾ ਹੈ।

ਰੈਲੀ ਦੌਰਾਨ ਮੰਚ 'ਤੇ ਮੌਜੂਦ ਕੇਂਦਰੀ ਰਾਜ ਮੰਤਰੀ ਅਜੈ ਟਾਮਟਾ ਤੇ ਹੋਰ।

ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਗੇਜਾ ਰਾਮ ਵਾਲਮੀਕਿ, ਅਮਰੀਕ ਸਿੰਘ ਆਲੀਵਾਲ, ਰੰਜਨ ਕਾਮਰਾ, ਅਮਰਜੀਤ ਸਿੰਘ ਅਮਰੀ, ਅਨਿਲ ਸੱਚਰ ਅਤੇ ਹਰਮਨਦੀਪ ਸਿੰਘ ਵੀ ਹਾਜ਼ਰ ਸਨ। ਰੈਲੀ ਦੌਰਾਨ ਨਸ਼ੇ ਕਾਰਨ ਆਪਣੇ ਪੁੱਤ, ਪਤੀ ਅਤੇ ਸਕੇ-ਸਬੰਧੀ ਗੁਆ ਚੁੱਕੀਆਂ ਬੀਬੀਆਂ ਅਤੇ ਪੀੜਤ ਪਰਿਵਾਰ ਵੀ ਪਹੁੰਚੇ ਹੋਏ ਸਨ।

ਕੇਂਦਰੀ ਮੰਤਰੀ ਨੇ ਕਿਹਾ 2022 ਦੀਆਂ ਚੋਣਾਂ ਦੌਰਾਨ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਲੋਕਾਂ ਨਾਲ ਵਾਅਵਾ ਕੀਤਾ ਸੀ ਕਿ ਸਰਕਾਰ ਬਣਨ ਤੋਂ ਬਾਅਦ ਤਿੰਨ ਮਹੀਨਿਆ 'ਚ ਸੂਬੇ ਵਿਚੋਂ ਨਸ਼ਾ ਖਤਮ ਕਰ ਦਿੱਤਾ ਜਾਵੇਗਾ ਪਰ 'ਆਪ' ਸਰਕਾਰ ਵੱਲੋਂ 6 ਵਾਰ ਡੈੱਡਲਾਈਨ ਦੇਣ ਦੇ ਬਾਵਜੂਦ ਵੀ ਪੰਜਾਬ 'ਚੋਂ ਨਸ਼ਾ ਖਤਮ ਨਹੀਂ ਹੋਇਆ, ਸਗੋਂ ਧੜੱਲੇ ਨਾਲ ਵਿਕ ਰਿਹਾ ਹੈ।

ਉਨ੍ਹਾਂ ਕਿਹਾ ਸੂਰਬੀਰਾਂ ਦੀ ਭੂਮੀ ਪੰਜਾਬ ਬਰਬਾਦ ਹੋ ਰਹੀ ਹੈ ਅਤੇ ਰਾਸ਼ਟਰਵਾਦ ਦਾ ਹੋਕਾ ਦੇਣ ਵਾਲੇ ਇਸ ਪਾਸੇ ਧਿਆਨ ਨਹੀਂ ਦੇ ਰਹੇ। ਉਨ੍ਹਾਂ ਕਿਹਾ ਕਿ ਪੰਜਾਬ 'ਚ ਭਾਜਪਾ ਦੀ ਸਰਕਾਰ ਬਣਨ 'ਤੇ ਸਭੇ ਵਿਚੋਂ ਨਸ਼ਾ ਪੂਰੀ ਤਰ੍ਹਾਂ ਖਤਮ ਕੀਤਾ ਜਾਵੇਗਾ ਅਤੇ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਾ ਖਤਮ ਕਰਨ ਦੀ ਜ਼ਿੰਮੇਵਾਰੀ ਭਾਜਪਾ ਨੇ ਚੁੱਕੀ ਹੈ ਅਤੇ ਪੰਜਾਬ 'ਚੋਂ ਨਸ਼ਾ ਖ਼ਤਮ ਕਰਨ ਤੱਕ ਅਸੀਂ ਚੈਨ ਨਹੀਂ ਲਵਾਂਗੇ।

ਮੁਫ਼ਤ ਦੀਆਂ ਯੋਜਨਾਵਾਂ ਪੰਜਾਬੀਆਂ ਲਈ ਕਾਫ਼ੀ ਨਹੀਂ, ਉਨ੍ਹਾਂ ਨੂੰ ਕਾਨੂੰਨ-ਵਿਵਸਥਾ ਚਾਹੀਦੀ ਹੈ : ਸਚਿਨ ਪਾਇਲਟ

ਜਲੰਧਰ, 27 ਸਤੰਬਰ (ਵਿਸ਼ੇਸ਼)–ਪੰਜਾਬ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਪਾਰਟੀ ਅੰਦਰ ਚੱਲ ਰਹੀ ਗੁੱਟਬੰਦੀ ਨੂੰ ਘਟਾਉਣ ਦੀ ਕਵਾਇਦ ਤੇਜ਼ ਕਰ ਦਿੱਤੀ ਹੈ। ਇਸੇ ਲੜੀ ਤਹਿਤ ਪੰਜਾਬ ਕਾਂਗਰਸ ਦੇ ਇੰਚਾਰਜ ਬਣਾਏ ਗਏ ਕਾਂਗਰਸ ਜਨਰਲ ਸਕੱਤਰ ਸਚਿਨ ਪਾਇਲਟ ਨੇ ਸੂਬੇ ਦੀ ਕਾਨੂੰਨ-ਵਿਵਸਥਾ, ਨਸ਼ੇ ਦੀ ਸਮੱਸਿਆ, ਬੇਰੋਜ਼ਗਾਰੀ, ਉਦਯੋਗਿਕ ਵਿਕਾਸ ਅਤੇ ਨੌਜਵਾਨਾਂ ਦੇ ਪ੍ਰਵਾਸ ਨੂੰ ਪ੍ਰਮੁੱਖ ਮੁੱਦਿਆਂ ਵਜੋਂ ਉਠਾਇਆ ਹੈ। ਪਾਇਲਟ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਲਈ ਸਿਰਫ ਮੁਫ਼ਤ ਯੋਜਨਾਵਾਂ ਜਾਂ ਐਲਾਨਾਂ ਨਾਲ ਗੱਲ ਨਹੀਂ ਬਣੇਗੀ, ਬਲਕਿ ਉਹ ਸੁਰੱਖਿਅਤ ਮਾਹੌਲ ਅਤੇ ਬਿਹਤਰ ਕਾਨੂੰਨ-ਵਿਵਸਥਾ ਚਾਹੁੰਦੇ ਹਨ।

ਪਾਇਲਟ ਨੇ ਇਕ ਇੰਟਰਵਿਊ 'ਚ ਕਿਹਾ ਕਿ ਪੰਜਾਬ 'ਚ ਅੱਜ ਸਭ ਤੋਂ ਵੱਡੀਆਂ ਚਿੰਤਾਵਾਂ 'ਚ ਨਸ਼ਾ, ਗੈਂਗਵਾਰ, ਗੋਲੀਬਾਰੀ, ਕਤਲ ਅਤੇ ਫਿਰੌਤੀ ਵਰਗੀਆਂ ਘਟਨਾਵਾਂ ਸ਼ਾਮਲ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜੇਲਾਂ ਤੋਂ ਅਪਰਾਧਿਕ ਨੈੱਟਵਰਕ ਚੱਲਣ ਅਤੇ ਨਸ਼ੇ ਦੇ ਪੈਸੇ, ਹਥਿਆਰਾਂ ਦੀ ਸਮੱਗਲਿੰਗ ਅਤੇ ਗੈਂਗਸਟਰ ਨੈੱਟਵਰਕ ਵਿਚਕਾਰ ਸਬੰਧਾਂ ਨੂੰ ਲੈ ਕੇ ਗੰਭੀਰ ਸਵਾਲ ਉੱਠ ਰਹੇ ਹਨ। ਉਨ੍ਹਾਂ ਅਨੁਸਾਰ, ਸੂਬੇ ਵਿਚ ਕਾਨੂੰਨ-ਵਿਵਸਥਾ ਮਜ਼ਬੂਤ ਕਰਨਾ ਸਿਰਫ ਪੁਲਸ ਦੀ ਹੀ ਜ਼ਿੰਮੇਵਾਰੀ ਨਹੀਂ ਬਲਕਿ ਪੂਰੇ ਪ੍ਰਸ਼ਾਸਨ-ਤੰਤਰ ਦੀ ਜ਼ਿੰਮੇਵਾਰੀ ਹੈ।

ਸਚਿਨ ਪਾਇਲਟ ਨੇ ਪੰਜਾਬ 'ਚ ਨਸ਼ੇ ਦੀ ਸਮੱਸਿਆ ਨੂੰ ਲੈ ਕੇ 'ਆਪ' ਸਰਕਾਰ 'ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ 2022 'ਚ ਸੱਤਾ 'ਚ ਆਉਣ ਤੋਂ ਬਾਅਦ ਸਰਕਾਰ ਨੇ ਤਿੰਨ ਮਹੀਨਿਆਂ 'ਚ ਪੰਜਾਬ ਨੂੰ ਨਸ਼ਾ-ਮੁਕਤ ਕਰਨ ਦਾ ਵਾਅਦਾ ਕੀਤਾ ਸੀ ਪਰ ਜ਼ਮੀਨੀ ਸਥਿਤੀ ਅਜੇ ਵੀ ਗੰਭੀਰ ਬਣੀ ਹੋਈ ਹੈ।

ਦਫ਼ਤਰ ਸਿਵਲ ਹਸਪਤਾਲ, ਗੁਰਦਾਸਪੁਰ
No.SMO/CH/GSP/26/3915
Dated: 25.09.2026
Short Term Tender Notice
Sealed Tenders are invited for supply of Furniture & Equipment for MCH and DEIC at Civil Hospital Gurdaspur. Terms & Conditions and form set can be obtained from the Office of SMO CH Gurdaspur by payment of Rs 1000/- on any working day. Sealed Tenders through By hand/ Courier /Registered post/e-mail will be received till 11:00 AM on 08/10/2026 only. Undersigned has right to accept or reject all/ any Tenders without assigning any reason. E-mail id- smogsp7@gmail.com
Senior Medical Officer I/C
Civil Hospital Gurdaspur.

ਸਾਲ 'ਚ 13 ਪ੍ਰੀਪੇਡ ਮਹੀਨਾਵਾਰ ਰੀਚਾਰਜ ਦੀ ਬਜਾਏ ਖਪਤਕਾਰਾਂ ਨੂੰ ਮਿਲ ਸਕਣਗੇ 12 ਰੀਚਾਰਜ : ਰਾਘਵ ਚੱਢਾ

ਚੰਡੀਗੜ੍ਹ, 27 ਸਤੰਬਰ (ਹਰੀਸ਼ਚੰਦਰ)–ਪ੍ਰੀਪੇਡ ਮੋਬਾਈਲ ਦੀ ਵਰਤੋਂ ਕਰਨ ਵਾਲਿਆਂ ਲਈ ਰੀਚਾਰਜ ਦੀ ਵਾਰ-ਵਾਰ ਆਉਣ ਵਾਲੀ ਤਰੀਕ ਅਤੇ ਭੁਗਤਾਨ ਸਬੰਧੀ ਮਜਬੂਰੀ ਹੁਣ ਘੱਟ ਹੋ ਸਕਦੀ ਹੈ। ਉਨ੍ਹਾਂ ਲੋਕਾਂ ਲਈ ਹੁਣ ਰਾਹਤ ਮਿਲਣ ਦੀ ਉਮੀਦ ਜਾਗੀ ਹੈ, ਜਿਨ੍ਹਾਂ ਨੂੰ ਮੋਬਾਈਲ 'ਤੇ ਇੰਟਰਨੈੱਟ ਡਾਟਾ ਦੀ ਲੋੜ ਨਹੀਂ ਹੁੰਦੀ ਅਤੇ ਉਹ ਫੋਨ ਦੀ ਵਰਤੋਂ ਮੁੱਖ ਤੌਰ 'ਤੇ ਕਾਲਿੰਗ ਲਈ ਹੀ ਕਰਦੇ ਹਨ।

ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰਕੇ ਇਸ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਨੇ ਟੈਲੀਕੌਮ ਕੰਜ਼ਿਊਮਰ ਪ੍ਰੋਟੈਕਸ਼ਨ (ਥਰਟੀਥ ਅਮੈਂਡਮੈਂਟ) ਰੈਗੂਲੇਸ਼ਨਜ਼, 2026 ਲਾਗੂ ਕੀਤੇ ਹਨ। ਇਸ ਨਾਲ ਖਪਤਕਾਰਾਂ ਲਈ 30 ਦਿਨਾਂ ਦੀ ਵੈਧਤਾ ਵਾਲੇ ਰੀਚਾਰਜ ਪਲਾਨ ਅਤੇ ਸਿਰਫ ਵਾਇਸ ਤੇ ਐੱਸ. ਐੱਮ. ਐੱਸ. ਦੀ ਲੋੜ ਵਾਲੇ ਪਲਾਨ ਉਪਲਬਧ ਕਰਵਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਚੱਢਾ ਨੇ ਕਿਹਾ ਕਿ ਇਸ ਨਾਲ ਸਾਲ 'ਚ 13 ਮਹੀਨਾਵਾਰ ਰੀਚਾਰਜ ਕਰਨ ਦੀ ਬਜਾਏ ਖਪਤਕਾਰਾਂ ਨੂੰ 12 ਰੀਚਾਰਜਾਂ 'ਚ ਕੰਮ ਚਲਾਉਣ ਦਾ ਬਦਲ ਮਿਲੇਗਾ। ਸੀਮਤ ਅਤੇ ਲਚਕਦਾਰ ਰੀਚਾਰਜ ਬਦਲਾਂ ਦੇ ਮੁੱਦੇ ਨੂੰ ਉਨ੍ਹਾਂ 11 ਮਾਰਚ ਨੂੰ ਰਾਜ ਸਭਾ 'ਚ ਚੁੱਕਦਿਆਂ ਖਪਤਕਾਰਾਂ ਨੂੰ ਜ਼ਿਆਦਾ ਬਦਲ ਅਤੇ ਕਿਫ਼ਾਇਤੀ ਸੇਵਾਵਾਂ ਉਪਲਬਧ ਕਰਵਾਉਣ ਦੀ ਮੰਗ ਕੀਤੀ ਸੀ।

ਮੌਜੂਦਾ ਵਿਵਸਥਾ 'ਚ 28 ਦਿਨਾਂ ਦੀ ਵੈਧਤਾ ਵਾਲੇ ਪਲਾਨ ਕਾਰਨ ਸਾਲ 'ਚ 12 ਦੀ ਥਾਂ 13 ਵਾਰ ਰੀਚਾਰਜ ਦੀ ਸਥਿਤੀ ਬਣ ਜਾਂਦੀ ਹੈ। ਨਵੇਂ ਬਦਲ ਵਿਚ ਖਪਤਕਾਰ ਆਪਣੀ ਲੋੜ ਅਤੇ ਬਜਟ ਦੇ ਹਿਸਾਬ ਨਾਲ ਪਲਾਨ ਚੁਣ ਸਕਣਗੇ। ਚੱਢਾ ਨੇ ਉਨ੍ਹਾਂ ਦੀ ਮੰਗ 'ਤੇ ਸਕਾਰਾਤਮਕ ਕਾਰਵਾਈ ਲਈ ਕੇਂਦਰ ਸਰਕਾਰ ਅਤੇ ਟਰਾਈ ਦਾ ਧੰਨਵਾਦ ਪ੍ਰਗਟਾਇਆ ਹੈ।

ਪੰਜਾਬ ਪਹਿਲਾਂ ਹੀ ਭੁਗਤ ਚੁੱਕਿਐ ਕੱਟੜਵਾਦ ਦੇ ਨਤੀਜੇ, ਸਮਾਜਿਕ ਸਾਂਝ ਨੂੰ ਕਾਇਮ ਰੱਖਣ ਵਾਲੀ ਸਿਆਸਤ ਦੀ ਲੋੜ : ਜਾਖੜ



ਚੰਡੀਗੜ੍ਹ, 27 ਸਤੰਬਰ (ਅੰਕੁਰ)–ਪੰਜਾਬ ਦੀ ਸਿਆਸਤ 'ਚ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ' ਅਤੇ ਇਸ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਸਿਆਸੀ ਬਿਆਨਬਾਜ਼ੀ ਤੇਜ਼ ਹੋ ਗਈ ਹੈ। ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਅੰਮ੍ਰਿਤਪਾਲ ਸਿੰਘ ਅਤੇ 'ਵਾਰਿਸ ਪੰਜਾਬ ਦੇ' ਦੀ ਵਿਚਾਰਧਾਰਾ 'ਤੇ ਸਵਾਲ ਖੜ੍ਹੇ ਕਰਦਿਆਂ ਇਸ ਨੂੰ ਖ਼ਾਲਿਸਤਾਨੀ ਵਿਚਾਰਧਾਰਾ ਨਾਲ ਜੋੜਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਨੇ ਪਹਿਲਾਂ ਹੀ ਕੱਟੜਵਾਦ ਦਾ ਦੌਰ ਦੇਖਿਆ ਹੈ ਅਤੇ ਉਸ ਦੇ ਨਤੀਜੇ ਵੀ ਭੁਗਤੇ ਹਨ। ਸੂਬੇ 'ਚ ਅਜਿਹੀ ਸਿਆਸਤ ਹੋਣੀ ਚਾਹੀਦੀ ਹੈ, ਜੋ ਸਾਰੇ ਭਾਈਚਾਰਿਆਂ ਨੂੰ ਨਾਲ ਲੈ ਕੇ ਚੱਲੇ ਅਤੇ ਪੰਜਾਬ ਦੀ ਸਮਾਜਿਕ ਸਾਂਝ ਨੂੰ ਕਾਇਮ ਰੱਖੇ। ਉਨ੍ਹਾਂ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ 'ਵਾਰਿਸ ਪੰਜਾਬ ਦੇ' ਵੱਲੋਂ ਆਪਣੀ ਸਿਆਸੀ ਸਰਗਰਮੀ ਨੂੰ ਲਗਾਤਾਰ ਵਧਾਇਆ ਜਾ ਰਿਹਾ ਹੈ ਅਤੇ 2027 ਦੀਆਂ ਚੋਣਾਂ ਨੂੰ ਲੈ ਕੇ ਸਿਆਸੀ ਤਿਆਰੀਆਂ ਤੇਜ਼ ਹਨ। ਉਨ੍ਹਾਂ ਕਿਹਾ ਕਿ ਜੇ ਕਿਸੇ ਸਿਆਸੀ ਜਾਂ ਸਮਾਜਿਕ ਧਾਰਾ ਦੀ ਵਿਚਾਰਧਾਰਾ ਕੱਟੜਵਾਦ ਵੱਲ ਜਾਂਦੀ ਹੈ ਤਾਂ ਉਸ ਨੂੰ ਸਿਰਫ਼ ਚੋਣਾਂ ਜਾਂ ਵੋਟਾਂ ਦੇ ਹਿਸਾਬ ਨਾਲ ਨਹੀਂ ਦੇਖਿਆ ਜਾ ਸਕਦਾ। ਉਨ੍ਹਾਂ ਨੇ ਖ਼ਾਸ ਤੌਰ 'ਤੇ 'ਵਾਰਿਸ ਪੰਜਾਬ ਦੇ' ਦੇ ਆਗੂ ਅੰਮ੍ਰਿਤਪਾਲ ਸਿੰਘ ਨਾਲ ਜੁੜੇ 2023 ਦੇ ਅਜਨਾਲਾ ਥਾਣਾ ਘਟਨਾਕ੍ਰਮ ਦਾ ਜ਼ਿਕਰ ਕੀਤਾ। ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਮਰਥਕ ਆਪਣੇ ਸਾਥੀ ਲਵਪ੍ਰੀਤ ਸਿੰਘ ਤੂਫ਼ਾਨ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਅਜਨਾਲਾ ਥਾਣੇ ਦੇ ਬਾਹਰ ਇਕੱਠੇ ਹੋਏ ਸਨ। ਇਸ ਦੌਰਾਨ ਪੁਲਸ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਤਣਾਅ ਦੀ ਸਥਿਤੀ ਬਣੀ ਸੀ। ਉਨ੍ਹਾਂ ਨੇ ਇਸ ਘਟਨਾ ਨੂੰ ਪੰਜਾਬ 'ਚ ਰੈਡੀਕਲ ਸਿਆਸਤ ਨਾਲ ਜੋੜਦਿਆਂ ਸਵਾਲ ਕੀਤਾ ਕਿ ਆਖ਼ਿਰ ਥਾਣਿਆਂ 'ਤੇ ਇਸ ਤਰ੍ਹਾਂ ਦਾ ਦਬਾਅ ਕਿਉਂ ਬਣਾਇਆ ਗਿਆ ਸੀ।

Recruitment
WALK-IN-INTERVIEW FOR APPOINTMENT OF DOCTORS ON CONTRACTUAL BASIS IN BSF
Suitable and willing male and female candidates may WALK IN FOR INTERVIEW for engagement as Specialist Doctor (Radiologist) and GDMOs in BSF Composite Hospital/BSF Hospital located in Punjab State and Jammu region on contractual basis:-

Date & Place for Walk-in-Interview	BSF Composite Hospital, BSF Campus, Jalandhar Cantt, Punjab-144006 w.e.f. 05.10.2026 to 09.10.2026	
Remuneration	(a) Specialist Doctors - Rs. 85,000/- Per Month. (b) General Duty Medical Officers (GDMOs)-Rs 75,000/- Per Month.	
Age	Not more than 67 years.	
Location of vacancies (in Punjab)	**Stream**	**Nos of Vacancies**
CH BSF, Jalandhar	Specialist Doctor (Radiologist)	01
STC BSF Kharkan, Punjab	GDMO	01
STC BSF, Udhampur	GDMO	01
134 Bn BSF, Naushera	GDMO	01
52 Bn BSF, Painthee	GDMO	01
107 Bn BSF, Sambha(E)	GDMO	01
141 Bn BSF, I Nagar	GDMO	01

For further details regarding vacancies, Educational & Professional qualifications and other terms & conditions, visit BSF Website i.e. https://www.rectt.bsf.gov.in or https://www.bsf.nic.in and read the consolidated advertisement. **(CBC 19110/11/0052/2627)**

ਕਾਂਗਰਸ ਦੀ ਸਰਕਾਰ ਬਣਨ 'ਤੇ ਸਾਰੇ ਡਰਾਈਵਰ ਤੇ ਕੰਡਕਟਰ ਹੋਣਗੇ ਪੱਕੇ : ਵੜਿੰਗ

ਚੰਡੀਗੜ੍ਹ, 27 ਸਤੰਬਰ (ਅੰਕੁਰ)–ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵਾਅਦਾ ਕੀਤਾ ਕਿ ਸੂਬੇ 'ਚ ਕਾਂਗਰਸ ਦੀ ਸਰਕਾਰ ਬਣਨ 'ਤੇ ਟਰਾਂਸਪੋਰਟ ਵਿਭਾਗ 'ਚ ਕੰਮ ਕਰਦੇ ਸਾਰੇ ਕੱਚੇ ਡਰਾਈਵਰਾਂ ਅਤੇ ਕੰਡਕਟਰਾਂ ਦੀਆਂ ਸੇਵਾਵਾਂ ਨੂੰ ਪੱਕਾ ਕੀਤਾ ਜਾਵੇਗਾ।

'ਵੜਿੰਗ ਵਿਦ ਵਾਰੀਅਰਜ਼' ਦੇ ਅੱਠਵੇਂ ਸੈਸ਼ਨ 'ਚ ਲਾਈਵ ਗੱਲਬਾਤ ਦੌਰਾਨ ਸੰਬੋਧਨ ਕਰਦਿਆਂ ਉਨ੍ਹਾਂ ਨੇ ਪੰਜਾਬ ਦੇ ਟਰਾਂਸਪੋਰਟ ਮੰਤਰੀ ਵਜੋਂ ਆਪਣੇ 111 ਦਿਨਾਂ ਦੇ ਕਾਰਜਕਾਲ ਨੂੰ ਯਾਦ ਕਰਦਿਆਂ ਸਰਕਾਰੀ ਜਨਤਕ ਟਰਾਂਸਪੋਰਟ ਪ੍ਰਣਾਲੀ ਨੂੰ ਬਹਾਲ ਕਰਨ ਲਈ ਚੁੱਕੇ ਗਏ ਕ੍ਰਾਂਤੀਕਾਰੀ ਕਦਮਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਕ ਤਾਕਤਵਰ ਪਰਿਵਾਰ ਤੇ ਉਸ ਦੇ ਪ੍ਰਭਾਵਸ਼ਾਲੀ ਸਾਥੀਆਂ ਨੇ ਪੰਜਾਬ 'ਚ ਟਰਾਂਸਪੋਰਟ ਪ੍ਰਣਾਲੀ 'ਤੇ ਪੂਰੀ ਤਰ੍ਹਾਂ ਏਕਾਧਿਕਾਰ ਕਰ ਕੇ ਕਬਜ਼ਾ ਕਰ ਲਿਆ ਸੀ ਤੇ ਇਕ 'ਟਰਾਂਸਪੋਰਟ ਮਾਫ਼ੀਆ' ਬਣਾ ਦਿੱਤਾ ਸੀ।

ਉਨ੍ਹਾਂ ਕਿਹਾ ਕਿ ਸਿਸਟਮ 'ਚ ਹੇਰਾ-ਫੇਰੀ ਅਤੇ ਧੋਖਾਧੜੀ ਕਰਨ ਦਾ ਇਕ ਹੋਰ ਤਰੀਕਾ ਘੱਟ ਟੈਕਸ ਵਾਲੀਆਂ 'ਕੰਟਰੈਕਟ ਕੈਰੇਜ' ਬੱਸਾਂ ਚਲਾਉਣਾ ਸੀ। ਹਾਲਾਂਕਿ ਇਹ ਬੱਸਾਂ 'ਸਟੇਜ ਕੈਰੇਜ' ਵਾਂਗ ਚੱਲਦੀਆਂ ਸਨ, ਜਿਨ੍ਹਾਂ ਨੂੰ ਜ਼ਿਆਦਾ ਟੈਕਸ ਦੇਣਾ ਪੈਂਦਾ ਹੈ ਪਰ ਉਹ ਘੱਟ ਟੈਕਸ ਅਦਾ ਕਰਦੇ ਸਨ। ਇਨ੍ਹਾਂ ਕਦਮਾਂ ਦੇ ਤੁਰੰਤ ਤੇ ਲੋੜੀਂਦੇ ਫ਼ਾਇਦੇ ਮਿਲੇ ਕਿਉਂਕਿ 15 ਦਿਨਾਂ ਦੇ ਅੰਦਰ-ਅੰਦਰ ਸਰਕਾਰੀ ਟਰਾਂਸਪੋਰਟ ਦੀ ਆਮਦਨ 'ਚ 7.75 ਕਰੋੜ ਰੁਪਏ ਦਾ ਵਾਧਾ ਹੋਇਆ।

ਉਨ੍ਹਾਂ ਨੇ ਡਰਾਈਵਰਾਂ ਤੇ ਕੰਡਕਟਰਾਂ ਦੀ ਤਨਖ਼ਾਹ ਵਧਾਈ ਸੀ ਤੇ ਇਹ ਦੀਵਾਲੀ ਤੱਕ ਉਨ੍ਹਾਂ ਦੇ ਖਾਤਿਆਂ 'ਚ ਜਮ੍ਹਾਂ ਕਰਵਾ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਕ ਪਛਤਾਵਾ ਹੈ ਕਿ ਉਹ ਕੱਚੇ ਡਰਾਈਵਰਾਂ ਤੇ ਕੰਡਕਟਰਾਂ ਦੀਆਂ ਸੇਵਾਵਾਂ ਨੂੰ ਪੱਕਾ ਨਹੀਂ ਕਰ ਸਕੇ ਕਿਉਂਕਿ ਉਨ੍ਹਾਂ ਨੂੰ ਲੋੜੀਂਦਾ ਸਮਾਂ ਨਹੀਂ ਮਿਲਿਆ। ਉਨ੍ਹਾਂ ਵਾਅਦਾ ਕੀਤਾ ਕਿ 2027 'ਚ ਕਾਂਗਰਸ ਦੀ ਸਰਕਾਰ ਬਣਨ 'ਤੇ ਉਹ ਇਸ ਨੂੰ ਯਕੀਨੀ ਬਣਾਉਣਗੇ।

pnb punjab national bank ...Together for the better
ਸਰਕਲ ਦਫ਼ਤਰ - ਸੈਮ - ਪਠਾਨਕੋਟ
(ਨੇੜੇ ਕਮਲ ਸਵੀਟਸ, ਸੈਲੀ ਰੋਡ, ਪਠਾਨਕੋਟ-145001)
(ਫੋਨ ਨੰ. 88728-27770), ਈ-ਮੇਲ : copathansam@pnb.bank.in
ਈ-ਨਿਲਾਮੀ/ ਵਿਕਰੀ ਨੋਟਿਸ

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6)/9 (1) ਦੇ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਜਨਤਾ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਨੂੰ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਦੱਸੀ ਅਚੱਲ ਜਾਇਦਾਦ ਦਾ ਰਚਨਾਮਤਕ/ਦਸਤੀ/ਸੰਕੇਤਕ ਕਬਜ਼ਾ ਬੈਂਕ ਦੇ ਅਧਿਕਾਰਤ ਅਫ਼ਸਰ/ਸਕਿਓਰਡ ਕ੍ਰੈਡਿਟਰ ਵਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਦੱਸੀ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਦਾ ਵੇਰਵਾ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦੱਸੇ ਅਨੁਸਾਰ ਹੋਵੇਗਾ।

ਲੜੀ ਨੰ.	ਬ੍ਰਾਂਚ ਦਾ ਨਾਂ / ਕਰਜ਼ਦਾਰ/ਗਾਰੰਟਰ ਦੇ ਅਕਾਊਂਟ ਦਾ ਨਾਂ ਤੇ ਪਤਾ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (ਾਂ) ਦੇ ਮਾਰਟਗੇਜਰ)	(ਏ) ਸਰਫੇਸੀ ਐਕਟ 2002 ਦੀ ਧਾਰਾ-13(2) ਤਹਿਤ ਡਿਮਾਂਡ ਨੋਟਿਸ ਦੀ ਮਿਤੀ (ਬੀ) ਬਕਾਇਆ ਰਕਮ ਜਿਵੇਂ ਹੈ (ਸੀ) ਸਰਫੇਸੀ ਐਕਟ 2002 ਦੀ ਧਾਰਾ-13(4) ਤਹਿਤ ਕਬਜ਼ੇ ਦੀ ਮਿਤੀ (ਡੀ) ਕਬਜ਼ੇ ਦੀ ਕਿਸਮ-ਸੰਕੇਤਕ/ਦਸਤੀ/ਰਚਨਾਤਮਕ	ਈ-ਨਿਲਾਮੀ ਦੀ ਮਿਤੀ/ਸਮਾਂ / ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭੋਜਣ ਦੇ ਵੇਰਵੇ	(ਏ) ਰਾਖਵੀਂ ਕੀਮਤ (ਰੁਪਏ ਲੱਖਾਂ 'ਚ) (ਬੀ) ਈ. ਐੱਮ. ਡੀ. (ਸੀ) ਬੋਲੀ ਵਾਧਾ ਰਕਮ
1.	ਐੱਸ.ਐੱਸ.ਸੀ. ਪਠਾਨਕੋਟ (470600) ਸ਼੍ਰੀ ਰਾਹੁਲ ਕੁਮਾਰ (ਕਰਜ਼ਦਾਰ/ ਮਾਰਟਗੇਜਰ) ਪੁੱਤਰ ਸ਼੍ਰੀ ਰਮੇਸ਼ ਕੁਮਾਰ, ਮਕਾਨ ਨੰ. 507, ਵਿਸ਼ਨੂੰ ਨਗਰ, ਲਾਮਿਨੀ, ਤਹਿਸੀਲ ਅਤੇ ਜ਼ਿਲਾ ਪਠਾਨਕੋਟ (145001), 2) ਸ਼੍ਰੀ ਰਮੇਸ਼ ਕੁਮਾਰ (ਸਹਿ-ਕਰਜ਼ਦਾਰ) ਪੁੱਤਰ ਸ਼੍ਰੀ ਮੁਨਸ਼ੀ ਰਾਮ, ਮਕਾਨ ਨੰ. 507, ਵਿਸ਼ਨੂੰ ਨਗਰ, ਲਾਮਿਨੀ, ਤਹਿਸੀਲ ਅਤੇ ਜ਼ਿਲਾ ਪਠਾਨਕੋਟ (145001)	ਜ਼ਮੀਨ ਅਤੇ ਇਮਾਰਤ ਦਾ ਉਹ ਸਮੁੱਚਾ ਹਿੱਸਾ, ਜਿਸ ਦੀ ਪੈਮਾਇਸ਼ 4 ਮਰਲੇ ਹੈ। ਇਸ ਦਾ ਖਸਰਾ ਨੰ. 37ਆਰ/20/4(0-4), ਕਿੱਤੇ 1, ਖੇਵਟ ਨੰ. 92/84, ਹੱਦਬਸਤ ਨੰ. 342, ਖਤੌਨੀ ਨੰ. 119 ਹੈ, ਜੋ ਕਿ ਪਿੰਡ ਵਿਸ਼ਨੂੰ ਨਗਰ ਲਾਮਿਨੀ, ਤਹਿਸੀਲ ਅਤੇ ਜ਼ਿਲਾ ਪਠਾਨਕੋਟ ਦੀ ਮਾਲੀਆ ਹੱਦ ਵਿਖੇ ਸਥਿਤ ਹੈ। ਇਹ ਸ਼੍ਰੀ ਰਾਹੁਲ ਕੁਮਾਰ ਪੁੱਤਰ ਸ਼੍ਰੀ ਰਮੇਸ਼ ਕੁਮਾਰ ਦੇ ਨਾਂ 'ਤੇ, ਸਬ-ਰਜਿਸਟਰਾਰ ਪਠਾਨਕੋਟ 'ਚ ਰਜਿਸਟਰਡ ਹੈ। ਇਸ ਦਾ ਵਸੀਕਾ ਨੰ. 4820, ਮਿਤੀ 22.12.2015 ਹੈ ਜੋ ਵਿਕਰੀ ਡੀਡ ਮੁਤਾਬਿਕ ਹੈ। ਇਹ ਪੂਰਬ ਵੱਲੋਂ ਮਾਲਕ, ਪੱਛਮ ਵੱਲੋਂ ਗਲੀ, ਉੱਤਰ ਵੱਲੋਂ ਮਹਿੰਦਰ ਪਾਲ, ਦੱਖਣ ਵੱਲੋਂ ਮਾਲਕ ਨਾਲ ਘਿਰੀ ਹੋਈ ਹੈ। (ਬੋਲੀ ਹਵਾਲਾ : PUNB829500P25)	(ਏ) 11.03.2025 (ਬੀ) 11,07,866.80 ਰੁਪਏ ਜਿਵੇਂ 28.02.2025 ਨੂੰ ਸਨ। (ਸੀ) 21.05.2025 (ਡੀ) ਸੰਕੇਤਕ ਕਬਜ਼ਾ	27.10.2026 ਸਵੇਰੇ 11 ਤੋਂ ਸ਼ਾਮ 4 ਵਜੇ ਐੱਸ. ਐੱਸ. ਸੀ. ਪਠਾਨਕੋਟ ਨਾਲ ਇਕਵੀਟੇਬਲ ਮਾਰਟਗੇਜ (470600)	A) Rs 13,50,000/- B) Rs 1,35,000/- C) Rs 10,000/-
2.	ਸਿੰਬਲ ਚੌਕ ਬਟਾਲਾ 1) ਮੈਸਰਜ਼ ਸਤਪਾਲ ਸ਼ੰਕਰ ਦਾਸ (ਕਰਜ਼ਦਾਰ)(ਮਾਲਕ ਜਸਵਿੰਦਰ ਮਹਿਤਾ ਰਾਹੀਂ) ਕੋਟ ਕੁਲਜਸ ਰਾਏ, ਬਟਾਲਾ, ਜ਼ਿਲਾ ਗੁਰਦਾਸਪੁਰ, ਪੰਜਾਬ-143505, 2) ਸ਼੍ਰੀ ਜਸਵਿੰਦਰ ਮਹਿਤਾ (ਕਰਜ਼ਦਾਰ/ ਮਾਲਕ), ਕੋਟ ਕੁਲਜਸ ਰਾਏ, ਬਟਾਲਾ, ਜ਼ਿਲਾ ਗੁਰਦਾਸਪੁਰ, ਪੰਜਾਬ-143505, 3) ਸ਼੍ਰੀਮਤੀ ਸੁਮਨ ਸ਼ਰਮਾ ਪਤਨੀ ਸ਼੍ਰੀ ਅਸ਼ਵਨੀ ਕੁਮਾਰ (ਮਾਰਟਗੇਜਰ), 60, ਨਿਊ ਧਰਮਪੁਰਾ ਕਾਲੋਨੀ, ਬਟਾਲਾ, ਜ਼ਿਲਾ ਗੁਰਦਾਸਪੁਰ, ਪੰਜਾਬ-143505	ਜ਼ਮੀਨ ਅਤੇ ਇਮਾਰਤ ਦੀ ਈ.ਐੱਮ. ਜਿਸ ਵਿਚ ਇਕ ਦੁਕਾਨ ਜੋ ਲਗਭਗ 6 ਸਰਸਾਈ ਹੈ, ਦਾ ਪੂਰਬ-ਪੱਛਮ ਵਲੋਂ ਹਰੇਕ ਪਾਸਾ 9'-10", ਉੱਤਰ ਵੱਲ 19'-0.2" ਹੈ, ਜਿਸ ਦਾ ਖਸਰਾ ਨੰਬਰ 724/1,727,728 ਹੈ। ਇਹ ਪਿੰਡ ਫੈਜ਼ਪੁਰਾ, ਬਟਾਲਾ, ਜ਼ਿਲਾ ਗੁਰਦਾਸਪੁਰ ਵਿਖੇ ਸਥਿਤ ਹੈ। ਇਸ ਦਾ ਟਾਈਟਲ ਡੀਡ ਨੰਬਰ 3572 ਮਿਤੀ 10.12.2008 ਹੈ। ਇਹ ਸ਼੍ਰੀਮਤੀ ਸੁਮਨ ਸ਼ਰਮਾ ਪਤਨੀ ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਦੇ ਨਾਂ 'ਤੇ ਰਜਿਸਟਰਡ ਹੈ। (ਬੋਲੀ ਹਵਾਲਾ ਨੰ. PUNB829500279)	(ਏ) 09.07.2015 (ਬੀ) 18,48,306/- ਰੁਪਏ ਜਿਵੇਂ 08.07.2015 ਨੂੰ ਸਨ+ਅਗਲਾ ਵਿਆਜ 30.09.2014 ਤੋਂ) ਜਮ੍ਹਾ ਹੋਰ ਵਿਆਜ 01.10.2014 ਤੋਂ (ਸੀ) 06.02.2026 (ਡੀ) ਦਸਤੀ ਕਬਜ਼ਾ	27.10.2026 ਸਵੇਰੇ 11 ਤੋਂ ਸ਼ਾਮ 4 ਵਜੇ ਪੀ. ਐੱਨ. ਬੀ.-ਸਿੰਬਲ ਚੌਕ ਬਟਾਲਾ ਨਾਲ ਇਕਵੀਟੇਬਲ ਮਾਰਟਗੇਜ	A) Rs 12,57,000/- B) Rs 1,25,700/- C) Rs 10,000/-

ਨਿਯਮ ਅਤੇ ਸ਼ਰਤਾਂ : (1) ਵਿਕਰੀ ਨਿਯਮ ਅਤੇ ਸ਼ਰਤਾਂ ਤਹਿਤ ਹੋਵੇਗੀ ਜੋ ਕਿ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਨਿਯਮ 2002 'ਚ ਦਰਸਾਏ ਗਏ ਹਨ ਅਤੇ ਅੱਗੇ ਲਿਖਤ ਸ਼ਰਤਾਂ ਅਨੁਸਾਰ, 2) ਇਹ ਜਾਇਦਾਦਾਂ "ਜਿਵੇਂ ਅਤੇ ਜਿੱਥੇ ਦੇ ਆਧਾਰ" ਅਤੇ "ਜੋ ਹੈ ਸੋ ਹੈ ਦੇ ਆਧਾਰ" 'ਤੇ ਅਤੇ "ਜੋ ਵੀ ਆਧਾਰ ਹੈ" ਦੇ ਅਨੁਸਾਰ ਵੇਚੀਆਂ ਜਾ ਰਹੀਆਂ ਹਨ। 3) ਸਕਿਓਰਡ ਐਸੇਟਸ ਦੇ ਵੇਰਵੇ ਜੋ ਕਿ ਇੱਥੇ ਉਪਰ ਸ਼ਡਿਊਲ 'ਚ ਵਰਣਿਤ ਹਨ ਅਤੇ ਅਧਿਕਾਰਤ ਅਫ਼ਸਰ ਦੇ ਪੂਰੇ ਧਿਆਨ 'ਚ ਹਨ ਪਰ ਅਧਿਕਾਰਤ ਅਫ਼ਸਰ ਕਿਸੇ ਗਲਤੀ, ਗਲਤ ਬਿਆਨਬਾਜ਼ੀ ਜਾਂ ਓਮਿਸ਼ਨ ਜੋ ਕਿ ਇਸ ਐਲਾਨ 'ਚ ਹੋਣ, ਲਈ ਜਵਾਬਦੇਹ ਨਹੀਂ ਹੋਵੇਗਾ। 4) ਜਾਇਦਾਦ/ਜਾਇਦਾਦਾਂ 'ਤੇ ਕੋਈ ਵੀ ਬੋਝ ਬੈਂਕ/ਸੁਰੱਖਿਅਤ ਲੈਣਦਾਰ ਨੂੰ ਨਹੀਂ ਪਤਾ। ਅਧਿਕਾਰਤ ਅਫ਼ਸਰ ਜਾਂ ਬੈਂਕ ਨਿਲਾਮ ਕੀਤੀਆਂ ਜਾਇਦਾਦਾਂ ਦੇ ਸੰਬੰਧ 'ਚ ਸਰਕਾਰ ਜਾਂ ਕਿਸੇ ਵੀ ਹੋਰ ਵਿਅਕਤੀ ਨੂੰ ਕਿਸੇ ਵੀ ਚਾਰਜ, ਹੱਕਦਾਰ, ਬਕਾਇਆ ਜਾਂ ਕਿਸੇ ਹੋਰ ਬਕਾਇਆ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 5) ਚਾਹਵਾਨ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਹੋਣ ਵਾਲੇ ਬੋਝ ਬਾਰੇ ਆਪਣੀ ਆਜ਼ਾਦਾਨਾ ਪੁੱਛਗਿੱਛ ਕਰੇ, ਜਿਸ 'ਚ ਜਾਇਦਾਦ ਟੈਕਸ, ਬਿਜਲੀ ਦੇ ਬਕਾਏ ਆਦਿ ਬਾਰੇ ਜਾਣਕਾਰੀ ਹਾਸਲ ਕਰੇ। ਜਿਸ 'ਚ ਕਿਸੇ ਵਿਭਾਗ ਤੋਂ ਐੱਨ.ਓ.ਸੀ. ਆਦਿ ਵੀ ਸ਼ਾਮਲ ਹੈ। ਬਕਾਇਆ ਚਾਰਜ/ਬਿਜਲੀ ਦੇ ਬਿੱਲ, ਹਾਊਸ ਟੈਕਸ ਆਦਿ ਨਿਲਾਮੀ ਖਰੀਦਦਾਰ ਵਲੋਂ ਅਦਾ ਕੀਤੇ ਜਾਣਗੇ। 6) ਸੁਰੱਖਿਅਤ ਲੈਣਦਾਰ ਜੋ ਵੀ ਜਾਇਦਾਦ/ਜਾਇਦਾਦਾਂ ਵੇਚੀਆਂ ਜਾ ਰਹੀਆਂ ਹਨ, ਦੀ ਕਿਸੇ ਵੀ ਤਰ੍ਹਾਂ ਦੀ ਫਿਟਨੈੱਸ ਜਾਂ ਕੁਆਲਿਟੀ ਜਾਂ ਦੇਣਦਾਰੀ ਦੀ, ਕਿਸੇ ਸੂਰਤ 'ਚ ਗਾਰੰਟੀ ਨਹੀਂ ਦਿੰਦਾ। 7) ਵਿਕਰੀ ਨਿਮਨਹਸਤਾਖਰੀ ਵਲੋਂ ਈ-ਬੋਲੀ ਰਾਹੀਂ ਵੈੱਬਸਾਈਟ https://baanknet.com, 27.10.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 4.00 ਵਜੇ ਤੱਕ ਹੋਵੇਗੀ ਜਿਵੇਂ ਕਿ ਉਪਰ ਸਮਾਂ ਦਿੱਤਾ ਗਿਆ ਹੈ। ਵਿਕਰੀ ਦੀਆਂ ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰ ਕੇ ਵੈੱਬਸਾਈਟ https://baanknet.com ਅਤੇ https://pnb.bank.in ਦੇਖੋ। 8) ਰਿਜ਼ਰਵ ਕੀਮਤ ਤੋਂ ਵੱਧ, ਘੱਟ-ਘੱਟ ਬੋਲੀ ਦੀ ਇਕ ਰਕਮ ਲਾਜ਼ਮੀ ਹੈ।

ਸਰਫੇਸੀ ਐਕਟ 2002 ਦੇ ਨਿਯਮ 9 (1) ਦੇ ਤਹਿਤ ਵਿਧਾਨਿਕ ਵਿਕਰੀ ਨੋਟਿਸ।

ਮਿਤੀ : 27.09.2026
ਸਥਾਨ : ਪਠਾਨਕੋਟ
ਨਰਿੰਦਰ ਕੁਮਾਰ ਸ਼੍ਰੀਵਾਸਤਵਾ, ਅਧਿਕਾਰਤ ਅਫ਼ਸਰ
ਪੰਜਾਬ ਨੈਸ਼ਨਲ ਬੈਂਕ ਸਕਿਓਰਡ ਕ੍ਰੈਡਿਟਰ

WORLD NEWS DAY
28 ਸਤੰਬਰ 2026 | worldnewsday.org

ਕਿਉਂਕਿ
ਤੁਹਾਡਾ ਜਾਣਨ ਦਾ ਅਧਿਕਾਰ

ਅਸੀਂ
ਸਵਾਲ ਕਰਦੇ ਹਾਂ।

ਕੀ ਤੁਸੀਂ ਗੱਲ ਕਰ ਸਕਦੇ ਹੋ।
ਕੀ ਤੁਸੀਂ ਵਾਪਸ ਫੋਨ ਕਰੋਗੇ?
ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਅਸਲ 'ਚ ਕੀ ਹੋਇਆ?
ਤੁਹਾਨੂੰ ਕਿਵੇਂ ਪਤਾ ਕਿ ਇਹ ਸੱਚ ਹੈ?
ਕੀ ਇਹ ਫਿਰ ਇਕ ਬੰਦ ਰਸਤਾ ਹੈ?
ਕੀ ਮੈਂ ਤੁਹਾਡੇ 'ਤੇ ਭਰੋਸਾ ਕਰ ਸਕਦਾ ਹਾਂ।
ਜੇ ਇਹ ਲੁਕੋ ਰਿਹਾ ਤਾਂ ਕਿਸ ਨੂੰ ਫਾਇਦਾ ਹੋਵੇਗਾ?
ਕੀ ਤੁਸੀਂ ਇਸ ਨੂੰ ਸਾਬਤ ਕਰ ਸਕਦੇ ਹੋ?
ਤੁਸੀਂ ਮੈਨੂੰ ਕੀ ਨਹੀਂ ਦੱਸ ਰਹੇ?
ਕੀ ਤੁਸੀਂ ਅਧਿਕਾਰਤ ਤੌਰ 'ਤੇ ਬੋਲਣ ਲਈ ਤਿਆਰ ਹੋ?
ਅਤੇ ਕੌਣ ਇਸ ਬਾਰੇ ਜਾਣਦਾ ਹੈ?

ਅਸੀਂ
ਪੜਤਾਲ ਕਰਦੇ ਹਾਂ।

ਇਹ ਗੱਲ ਸਮਝ 'ਚ ਨਹੀਂ ਆਉਂਦੀ।
ਉਹ ਮੁੜ ਸਾਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ।
ਮੈਨੂੰ ਲੱਗਦਾ ਹੈ ਸਾਨੂੰ ਕੁਝ ਸੁਰਾਗ ਮਿਲ ਰਿਹਾ ਹੈ।
ਰਿਕਾਰਡ ਖੰਘਾਲਦੇ ਹਾਂ।
ਘਟਨਾਚੱਕਰ ਤਿਆਰ ਕਰੀਏ।
ਪਹਿਲਾਂ ਗਵਾਹ ਨੂੰ ਲੱਭੀਏ।
ਜਿੰਨਾ ਉਹ ਦੱਸ ਰਹੇ ਹਨ, ਮਾਮਲਾ ਉਸ ਤੋਂ ਕਿਤੇ ਵੱਡਾ ਹੈ।
ਕੋਈ ਕੁਝ ਲੁਕੋ ਰਿਹਾ ਹੈ।
ਇਹ ਦਸਤਾਵੇਜ਼ ਕੁਝ ਹੋਰ ਹੀ ਕਹਾਣੀ ਬਿਆਨ ਕਰਦੇ ਹਨ।
ਜਨਤਾ ਨੂੰ ਜਾਣਨ ਦਾ ਹੱਕ ਹੈ।
ਦੇਖਦੇ ਹਾਂ ਇਹ ਸਭ ਕਿੱਥੋਂ ਤਕ ਪਹੁੰਚਦਾ ਹੈ।

ਅਸੀਂ
ਸਮਝਾਉਂਦੇ ਹਾਂ।

ਆਓ ਇਸ ਨੂੰ ਹੋਰ ਆਸਾਨ ਭਾਸ਼ਾ ਵਿਚ ਸਮਝੀਏ।
ਮੈਂ ਤੁਹਾਨੂੰ ਇਸ ਦੇ ਕਾਨੂੰਨੀ ਪਹਿਲੂ ਸਮਝਾਉਂਦਾ ਹਾਂ।
ਠੀਕ ਹੈ, ਮੈਨੂੰ ਇਸ ਨੂੰ ਦੂਜੇ ਤਰੀਕੇ ਨਾਲ ਕਹਿਣ ਦਿਓ।
ਤਾਂ ਕੌਣ, ਕੀ, ਕਿੱਥੇ, ਕਿਉਂ ਅਤੇ ਕਦੋਂ-ਸਭ ਸਪੱਸ਼ਟ ਹੈ।
ਇਹ ਪੂਰਾ ਸੰਦਰਭ ਹੈ।
ਇਸ ਪੂਰੇ ਮਾਮਲੇ ਦਾ ਸਿੱਧਾ ਜਿਹਾ ਮਤਲਬ ਇਹ ਹੈ।
ਬਿਲਕੁਲ ਸਹੀ।

ਅਸੀਂ
ਕਦੇ ਹਾਰ ਨਹੀਂ ਮੰਨਦੇ।

ਮੁੜ ਜਾਂਚਦੇ ਹਾਂ।
ਸਾਨੂੰ ਇਕ ਹੋਰ ਸੋਮਾ ਚਾਹੀਦਾ ਹੈ।
ਮੈਂ ਦੇਰ ਤਕ ਰੁਕਾਂਗਾ।
ਇਕ ਹੋਰ ਕੌਫੀ ਮੰਗਵਾਓ।
ਇਕ ਵਾਰ ਹੋਰ ਕਾਲ ਕਰੋ।
ਆਪਣੀ ਸਮਝ 'ਤੇ ਭਰੋਸਾ ਰੱਖੋ।
ਅਸੀਂ ਨੇੜੇ ਪਹੁੰਚ ਰਹੇ ਹਾਂ।
ਇਹ ਕਾਫੀ ਨਹੀਂ ਹੈ।
ਮੈਂ ਉਡੀਕ ਕਰਾਂਗਾ।
ਮੈਨੂੰ ਤੁਹਾਡੇ ਕੋਲ ਆਵਾਂਗਾ।
ਇਹ ਅੰਤ ਨਹੀਂ, ਬਸ ਇਕ ਠਹਿਰਾਅ ਹੈ।
ਅਸੀਂ ਇਸ ਨੂੰ ਅਜੇ ਪ੍ਰਕਾਸ਼ਿਤ ਨਹੀਂ ਕਰ ਸਕਦੇ।
ਇਕ ਦਿਨ ਅਸੀਂ ਇਸ ਦੀ ਪੁਸ਼ਟੀ ਕਰ ਸਕਾਂਗੇ।
ਮੈਂ ਹਰ ਸਾਲ ਜਾਂਚਾਂਗਾ ਕਿ ਸਥਿਤੀ ਵਿਚ ਕੋਈ ਬਦਲਾਅ ਆਇਆ ਹੈ ਜਾਂ ਨਹੀਂ।
ਠੀਕ ਹੈ, ਇਹੀ ਉਹ ਅਹਿਮ ਕੜੀ ਹੈ ਜਿਸ ਦੀ ਕਮੀ ਸੀ।
ਸਾਨੂੰ ਮਿਲ ਗਿਆ।
ਇਸ ਨੂੰ ਇਕ ਵਾਰ ਹੋਰ ਪੜ੍ਹੋ।
ਇਹ ਸਭ ਕੁਝ ਬਦਲ ਸਕਦਾ ਹੈ।

ਤੱਥ ਜਾਣੋ। ਸਮਝੋ ਕੀ ਮਾਇਨੇ ਰੱਖਦਾ ਹੈ। ਭਰੋਸੇਯੋਗ ਪੱਤਰਕਾਰਤਾ ਚੁਣੋ।

ਪੇਸ਼ਕਰਤਾ: World Editors Forum | The Canadian Journalism Foundation / La Fondation pour le journalisme canadien | PROJECT KONTINUUM
ਸਹਿਯੋਗ ਨਾਲ: MacArthur Foundation
ਜਗ ਬਾਣੀ